# ਮਰਦਮਸ਼ੁਮਾਰੀ 2020

# ਤੁਹਾਡੀ ਅਹਿਮੀਅਤ ਹੈ। ਆਪਣੀ ਅਹਿਮੀਅਤ ਜਾਣੋ।

1
ਅਪ੍ਰੈਲ
ਮਰਦਮਸ਼ੁਮਾਰੀ ਦਿਵਸ

## 10

ਮਿੰਟ
ਸੁਆਲ
ਸਾਲ

10 ਸੁਆਲਾਂ ਦੇ ਜਵਾਬ ਦੇਣ ਵਿਚ ਸਿਰਫ਼ 10 ਮਿੰਟ ਲੱਗਣੇ ਹਨ, ਜੋ 10 ਸਾਲਾਂ ਲਈ ਤੁਹਾਡੇ ਭਾਈਚਾਰੇ ਵਿਚ ਪੂੰਜੀ ਲਾਉਣ ਲਈ ਰਾਹ ਤਿਆਰ ਕਰਨਗੇ।






www.ofm.wa.gov/2020census

# ਤੁਹਾਨੂੰ ਡਾਕ ਰਾਹੀਂ ਸੱਦਾ ਮਿਲੇਗਾ

ਹਰ ਪਰਿਵਾਰ ਕੋਲ ਔਨਲਾਈਨ, ਡਾਕ ਰਾਹੀਂ ਜਾਂ ਫੋਨ ਰਾਹੀਂ ਜਵਾਬ ਦੇਣ ਦਾ ਵਿਕਲਪ ਹੋਏਗਾ। ਸੁਆਲਨਾਮੇ ਅੰਗ੍ਰੇਜ਼ੀ ਅਤੇ 12 ਹੋਰ ਭਾਸ਼ਾਵਾਂ ਵਿਚ ਔਨਲਾਈਨ ਅਤੇ ਫੋਨ 'ਤੇ ਉਪਲਬਧ ਹਨ।

| ਨੂੰ ਜਾਂ ਵਿਚਕਾਰ: | ਤੁਹਾਨੂੰ, ਤੁਹਾਡੇ ਘਰ ਦੇ ਡਾਕ-ਬਕਸੇ ਵਿਚ ਮਿਲੇਗਾ: |
|---|---|
| 12-20 ਮਾਰਚ | 2020 ਮਰਦਮਸ਼ੁਮਾਰੀ ਲਈ ਔਨਲਾਈਨ ਜਵਾਬ ਦੇਣ ਲਈ ਸੱਦਾ। *(ਕੁਝ ਪਰਿਵਾਰਾਂ ਨੂੰ ਕਾਗਜ਼ੀ ਸੁਆਲਨਾਮੇ ਵੀ ਮਿਲਣਗੇ।)* |
| 16-24 ਮਾਰਚ | ਚੇਤਾ ਕਰਾਉਣ ਵਾਲੀ ਚਿੱਠੀ। |
| | **ਜੇ ਤੁਸੀਂ ਅਜੇ ਤੱਕ ਜਵਾਬ ਨਹੀਂ ਦਿੱਤਾ:** |
| 26 ਮਾਰਚ - 3 ਅਪ੍ਰੈਲ | ਚੇਤਾ ਕਰਾਉਣ ਵਾਲਾ ਪੋਸਟਕਾਰਡ। |
| **1 ਅਪ੍ਰੈਲ** | **ਮਰਦਮਸ਼ੁਮਾਰੀ ਦਿਵਸ** |
| 8-16 ਅਪ੍ਰੈਲ | ਚੇਤਾ ਕਰਾਉਣ ਵਾਲੀ ਚਿੱਠੀ ਅਤੇ ਕਾਗਜ਼ੀ ਸੁਆਲਨਾਮਾ। |
| 20-27 ਅਪ੍ਰੈਲ | U.S. ਮਰਦਮਸ਼ੁਮਾਰੀ ਬਿਉਰੋ ਵਿਚ ਖ਼ੁਦ ਜਾਣ ਤੋਂ ਪਹਿਲਾਂ ਚੇਤਾ ਕਰਾਉਣ ਵਾਲਾ ਇਕ ਅੰਤਮ ਪੋਸਟਕਾਰਡ। |

# ਆਪਣੇ ਆਪ ਨੂੰ ਸ਼ਾਮਿਲ ਕਰੋ

ਜਿੱਥੇ ਤੁਸੀਂ 1 ਅਪ੍ਰੈਲ, 2020 ਤੱਕ ਬਹੁਤਾ ਸਮਾਂ ਰਹਿੰਦੇ ਜਾਂ ਸੌਂਦੇ ਹੋ।

**ਤੁਹਾਡੀ 2020 ਮਰਦਮਸ਼ੁਮਾਰੀ ਦੇ ਜਵਾਬ ਸੁਰੱਖਿਅਤ ਅਤੇ ਤਾਲਾਬੰਦ ਹਨ ਅਤੇ ਕਾਨੂੰਨ ਰਾਹੀਂ ਹਿਫ਼ਾਜ਼ਤ ਕੀਤੀ ਜਾਂਦੀ ਹੈ।**

ਮਰਦਮਸ਼ੁਮਾਰੀ ਬਿਉਰੋ ਕਿਸੇ ਅਦਾਲਤ ਜਾਂ ਦੂਜੀ ਸਰਕਾਰੀ ਏਜੰਸੀ, ਜਿਹਨਾਂ ਵਿਚ FBI, ICE ਜਾਂ ਹੋਮਲੈਂਡ ਸਿਕਿਓਰਿਟੀ ਡਿਪਾਰਟਮੈਂਟ ਸ਼ਾਮਿਲ ਹੁੰਦਾ ਹੈ, ਨਾਲ ਤੁਹਾਡੇ ਜਵਾਬ ਸਾਂਝੇ ਨਹੀਂ ਕਰੇਗਾ।

ਮਰਦਮਸ਼ੁਮਾਰੀ ਬਿਉਰੋ ਕਦੀ ਵੀ:

- ਤੁਹਾਨੂੰ ਈਮੇਲ ਨਹੀਂ ਕਰੇਗਾ।
- ਤੁਹਾਡਾ ਪੂਰਾ ਸੋਸ਼ਲ ਸਿਕਿਓਰਿਟੀ ਨੰਬਰ, ਤੁਹਾਡੀ ਮਾਤਾ ਜੀ ਦਾ ਵਿਆਹ ਤੋਂ ਪਹਿਲਾਂ ਦਾ ਨਾਂ, ਤੁਹਾਡੇ ਬੈਂਕ ਖਾਤੇ ਦੀ ਜਾਣਕਾਰੀ, ਪੈਸੇ ਜਾਂ ਸਿਆਸੀ ਪਾਰਟੀ ਦੀ ਤਰਫੋਂ ਕੁਝ ਵੀ ਨਹੀਂ ਪੁੱਛੇਗਾ।
- ਤੁਹਾਡੇ ਘਰ ਵਿਚ ਆਉਣ ਲਈ ਨਹੀਂ ਪੁੱਛੇਗਾ।
- ਜੇ ਤੁਸੀਂ ਪਾਲਣਾ ਨਹੀਂ ਕਰਦੇ, ਤਾਂ ਤੁਹਾਨੂੰ ਗਿਰਫ਼ਤਾਰ ਕਰਨ ਦੀ ਧਮਕੀ ਨਹੀਂ ਦਏਗਾ।

**www.ofm.wa.gov/2020census**